# ਦਫਤਰ ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਗੁਰਦਾਸਪੁਰ।

ਈਮੇਲ:eepdgdspwdpb@gmail.com

ਵੱਲ,

ਜ਼ਿਲ੍ਹਾ ਸਿੱਖਿਆ ਅਫਸਰ,
ਗੁਰਦਾਸਪੁਰ।

ਨੰਬਰ____________/ ਮਿਤੀ ________________

ਵਿਸ਼ਾ:- ਬਿਲਡਿੰਗ ਸੇਫਟੀ ਸਰਟੀਫਿਕੇਟ ਆਫ ਕ੍ਰਿਸਟਲ ਯੂਰੋ ਕਿਡਜ਼ ਸੱਕੂਲ ਕਲਾਨੌਰ ਰੋਡ ਜਿਲ੍ਹਾ ਗੁਰਦਾਸਪੁਰ (ਸਾਲ 2025-28) ਜਾਰੀ ਕਰਨ ਬਾਰੇ।

ਹਵਾਲਾ:- ਆਪ ਜੀ ਦਾ ਪੱਤਰ ਨੰ: ਜੀ-3/2025/ 6210 ਮਿਤੀ: 26.06.2025

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰ:1, ਗੁਰਦਾਸਪੁਰ ਵਲੋਂ ਪੱਤਰ ਨੰ: 287 ਮਿਤੀ: 01.07.2025 ਰਾਹੀਂ ਰਿਪੋਰਟ ਕੀਤੀ ਹੈ ਕਿ *ਕ੍ਰਿਸਟਲ ਯੂਰੋ ਕਿਡਜ ਸਕੂਲ, ਕਲਾਨੌਰ ਰੋਡ ਜਿਲ੍ਹਾ ਗੁਰਦਾਸਪੁਰ* ਦੀ ਇਮਾਰਤ ਦਾ ਨਿਰੀਖਣ ਕੀਤਾ ਗਿਆ ਹੈ ਅਤੇ ਇਹ ਇਮਾਰਤ ਸਾਲ 2025-28 ਲਈ (ਮਿਤੀ:01.04.2025 ਤੋਂ 31.03.2028 ਤੱਕ) ਆਮ ਇਸਤੇਮਾਲ ਲਈ ਸੁਰੱਖਿਅਤ ਸਰਟੀਫਿਕੇਟ ਹੇਠ ਲਿਖੀਆ ਸਰਤਾਂ ਤੇ ਜਾਰੀ ਕੀਤਾ ਜਾਂਦਾ ਹੈ:-

1) ਸਕੂਲ ਅਥਾਰਟੀ/ਮੈਨੇਜਮੈਂਟ ਦੀ ਇਹ ਨਿੱਜੀ ਜਿੰਮੇਵਾਰੀ ਹੋਵੇਗੀ ਕਿ ਉਹ ਸਕੂਲ ਦੀ ਇਮਾਰਤ ਦੀ ਲੋੜੀਂਦੀ ਸਲਾਨਾ ਮੁਰੰਮਤ ਅਤੇ ਦੇਖਭਾਲ ਕਰਨ ਦਾ ਪਾਬੰਧ ਹੋਵੇਗਾ।

2) ਫਾਇਰ ਸੁਰੱਖਿਆ ਸਬੰਧੀ ਸਰਟੀਫਿਕੇਟ ਪੰਜਾਬ ਫਾਇਰ ਸਰਵਿਸਜ਼, ਗੁਰਦਾਸਪੁਰ ਵਲੋਂ ਪੱਤਰ ਨੰ: 806-108850-Fire/82841 ਮਿਤੀ: 17.02.2025 ਰਾਹੀ ਇੱਕ ਸਾਲ ਲਈ ਅੱਗ ਬੁਝਾਊ ਯੰਤਰ ਦਾ ਸਰਟੀਫਿਕੇਟ ਜਾਰੀ ਕੀਤਾ ਗਿਆ ਹੈ। ਇਹ ਸਰਟੀਫਿਕੇਟ ਸਕੂਲ ਅਥਾਰਟੀ/ਮੈਨੇਜਮੈਂਟ ਵੱਲੋਂ ਹਰ ਸਾਲ ਸਬੰਧਤ ਵਿਭਾਗ ਪਾਸੋਂ ਪ੍ਰਾਪਤ ਕਰਕੇ ਇਸ ਦਫਤਰ ਵਿੱਚ ਜਮ੍ਹਾ ਕਰਵਾਇਆ ਜਾਵੇਗਾ, ਅਜਿਹਾ ਨਾਂ ਕਰਨ ਦੀ ਸੂਰਤ ਵਿੱਚ ਇਹ ਬਿਲਡਿੰਗ ਸੇਫਟੀ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।

3) ਕੁਦਰਤੀ ਆਫਤ ਕਰਕੇ ਜਾਂ ਕਿਸੇ ਵੀ ਹੋਰ ਕਾਰਨ ਸਕੂਲ ਦੀ ਇਸ ਇਮਾਰਤ ਦੀਆਂ ਦੀਵਾਰਾਂ/ਸਲੈਬ ਆਦਿ ਵਿੱਚ ਕੋਈ ਕਰੈਕ/ਸੈਟਲਮੈਂਟ ਜਾਂ ਪਲੱਸਤਰ ਆਦਿ ਵਿੱਚ ਕਿਤੇ ਕੋਈ ਵੀ ਨੁਕਸ ਉਨ੍ਹਾਂ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਉਹ ਸਕੂਲ ਦੇ ਉਸ ਹਿੱਸੇ ਦੀ ਵਰਤੋਂ ਨਹੀਂ ਕਰਣਗੇ ਅਤੇ ਤੁਰੰਤ ਸਕੂਲ ਦੀ ਇਮਾਰਤ ਦਾ ਮੁੜ ਨਰੀਖਣ ਕਰਾਉਣ ਦੇ ਪਾਬੰਧ ਹੋਣਗੇ। ਇਸ ਤਰ੍ਹਾਂ ਨਾਂ ਕਰਨ ਤੇ ਜੇਕਰ ਕੋਈ ਅਣ-ਸੁਖਾਵੀ ਘਟਨਾ ਵਾਪਰਦੀ ਹੈ ਤਾਂ ਸਕੂਲ ਅਥਾਰਟੀ/ਮੈਨਜਮੈਂਟ ਉਸ ਲਈ ਜਿੰਮੇਵਾਰ ਹੋਣਗੇ।

4) ਜੇਕਰ ਸਕੂਲ ਦੀ ਬਿਲਡਿੰਗ ਵਿੱਚ ਕੋਈ ਅਡੀਸ਼ਨ/ਅਲਟਰੇਸ਼ਨ ਕੀਤੀ ਜਾਂਦੀ ਹੈ ਤਾਂ ਇਸ ਸਬੰਧੀ ਸਕੂਲ ਅਥਾਰਟੀ/ਮੈਨੇਂਜਮੈਂਟ ਇਸ ਦਫਤਰ ਨੂੰ ਸੂਚਿਤ ਕਰਨ ਦੇ ਪਾਬੰਧ ਹੋਵੇਗਾ।

5) ਸਕੂਲ ਬਿਲਡਿੰਗ ਸੁਰੱਖਿਆ ਸਬੰਧੀ ਮਾਨਯੋਗ ਅਦਾਲਤ/ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਲਈ ਸਕੂਲ ਅਥਾਰਟੀ/ਮੈਨੇਜਮੈਂਟ ਪਾਬੰਧ ਹੋਵੇਗੀ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ:ਨਿ:ਵਿ:ਭਤੇਮ ਸ਼ਾਖਾ,
ਗੁਰਦਾਸਪੁਰ।

ਪਿੱਠ ਅੰਕਣ ਨੰ: 1812 / ਮਿਤੀ 02-07-25

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ, ਕ੍ਰਿਸਟਲ ਯੂਰੋ ਕਿਡਜ਼ ਸਕੂਲ ਕਲਾਨੌਰ ਰੋਡ ਜਿਲ੍ਹਾ ਗੁਰਦਾਸਪੁਰ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਨੱਥੀ/ਸਰਟੀਫਿਕੇਟ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ:ਨਿ:ਵਿ:ਭਤੇਮ ਸ਼ਾਖਾ,
ਗੁਰਦਾਸਪੁਰ।

CRYSTAL EURO KIDS SCHOOL
PRINCIPAL
KALANAUR ROAD, GURDASPUR

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਨੰ:1, ਗੁਰਦਾਸਪੁਰ ਨੂੰ ਉਨ੍ਹਾਂ ਦੇ ਦਫਤਰ ਦੇ ਪੱਤਰ ਨੰ: 287 ਮਿਤੀ: 01/07/2025 ਦੇ ਹਵਾਲੇ ਵਿੱਚ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਨੱਥੀ/-ਨਿੱਲ।

ਕਾਰਜਕਾਰੀ ਇੰਜੀਨੀਅਰ,
ਪ੍ਰਾਂਤਕ ਮੰਡਲ ਲੋ:ਨਿ:ਵਿ:ਭਤੇਮ ਸ਼ਾਖਾ,
ਗੁਰਦਾਸਪੁਰ।